**ਪੋਸਟ ਮੈਟ੍ਰਿਕ ਸ਼ਕਾਲਰਸ਼ਿਪ ਸੈੱਲ**
**ਪੰਜਾਬੀ ਯੂਨੀਵਰਸਿਟੀ ਪਟਿਆਲਾ**
(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

ਨੰ: 8408 /ਪੀ.ਐਮ.ਐਸ
ਮਿਤੀ :- 13/10/2025

**ਵਿਸ਼ਾ:- ਸੈਸ਼ਨ 2025-26 ਪੋਸਟ ਮੈਟ੍ਰਿਕ ਸਕਾਲਰਸ਼ਿਪ ਅਧੀਨ ਲਾਭ ਲੈਣ ਵਾਲੇ ਵਿਦਿਆਰਥੀਆਂ(ਐਸ.ਸੀ.) ਦੇ ਫਾਰਮ ਦੀ ਹਾਰਡ ਕਾਪੀ ਭੇਜਣ ਸਬੰਧੀ ਸਡਿਊਲ।**

ਸ੍ਰੀ ਮਾਨ/ਮਤੀ ਜੀ,

ਵਿਸ਼ੇ ਸਬੰਧੀ ਸੈਸ਼ਨ 2025-26 ਪੋਸਟ ਮੈਟ੍ਰਿਕ ਸਕਾਲਰਸ਼ਿਪ ਅਧੀਨ ਲਾਭ ਲੈਣ ਵਾਲੇ ਵਿਦਿਆਰਥੀਆਂ(ਐਸ.ਸੀ.) ਦੇ ਫਾਰਮਾਂ ਦੀ ਹਾਰਡ ਕਾਪੀ ਭੇਜਣ ਸਬੰਧੀ ਸਰਕਾਰ ਵੱਲੋਂ ਨਵਾਂ ਜਾਰੀ ਕੀਤਾ ਸਡਿਊਲ ਭੇਜਿਆ ਜਾ ਰਿਹਾ ਹੈ। ਪੋਸਟ ਮੈਟ੍ਰਿਕ ਸਕਾਲਰਸ਼ਿਪ ਸੈੱਲ ਕੋਲ ਫਾਰਮ ਚੈੱਕ ਅਤੇ ਸੈਂਕਸ਼ਨ ਕਰਨ ਲਈ ਬਹੁਤ ਸੀਮਿਤ ਸਮਾਂ ਹੁੰਦਾ ਹੈ।

ਜੇਕਰ ਸਮਾਂ ਰਹਿੰਦੇ ਵਿਦਿਆਰਥੀ ਦਾ ਫਾਰਮ ਸੈਂਕਸ਼ਨ ਨਹੀਂ ਹੁੰਦਾ ਤਾਂ ਉਸਨੂੰ ਸਕਾਲਰਸ਼ਿਪ ਦਾ ਲਾਭ ਨਹੀਂ ਮਿਲ ਸਕਦਾ।ਸੋ, ਆਪ ਜੀ ਨਿਮਨ ਲਿਖਤ ਸਡਿਊਲ ਅਨੁਸਾਰ ਆਪਣੇ ਵਿਭਾਗ ਦੇ ਵਿਦਿਆਰਥੀਆਂ ਦੇ ਫਾਰਮ ਸੈਕਸ਼ਨ ਕਰਵਾਉਣ ਹਿੱਤ ਭੇਜਣ ਦੀ ਖੇਚਲ ਕਰਨਾ ਜੀ।

| | |
|---|---|
| **ਰੀਨਿਊਲ ਅਤੇ ਨਵੇਂ (ਫਰੈਸ਼) ਐਸ.ਸੀ. ਵਿਦਿਆਰਥੀਆਂ ਦੇ ਕੇਸ** | **ਮਿਤੀ 31-10-2025 ਤੱਕ ਸੈਂਕਸ਼ਨ ਕੀਤੇ ਜਾਣਗੇ।** |

**ਰੀਨਿਊਲ ਕੇਸਾਂ ਦੇ ਵਿਦਿਆਰਥੀਆਂ ਨੂੰ ਸੂਚਿਤ ਕਰ ਦਿੱਤਾ ਜਾਵੇ ਕਿ ਉਹ ਵੈਬ-ਪੋਰਟਲ ਉੱਤੇ ਆਪਣੀ ਪੀ.ਐਮ.ਐਸ. ਆਈ.ਡੀ. ਅਤੇ ਪਾਸਵਰਡ ਰਾਹੀਂ(Save & Print) ਆਪਸ਼ਨ ਤੇ ਜਾ ਕੇ ਸੈਸ਼ਨ 2025-26 ਦੇ ਫਾਰਮ ਦਾ ਪ੍ਰਿੰਟ ਕੱਢ ਲੈਣ।**

**ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਵਿਦਿਆਰਥੀ ਨੇ ਆਪਣੀ ਪੀ.ਐਮ.ਐਸ. ਆਡੀ.ਡੀ ਵਿੱਚ ਸਹੀ (OTR) ਦਰਜ ਕੀਤਾ ਹੈ।**

**ਇਹ ਸਾਰੇ ਫਾਰਮ ਸਬੰਧਤ ਵਿਭਾਗ ਦੇ ਡੀਲਿੰਗ ਹੈਂਡ ਆਪ ਲੈ ਕੇ ਆਉਣ ਤਾਂ ਕਿ ਕਿਸੇ ਫਾਰਮ ਵਿੱਚ ਆਈ ਤਰੁੱਟੀ ਨੂੰ ਤੁਰੰਤ ਠੀਕ ਕਰਵਾਇਆ ਜਾ ਸਕੇ ।**

ਲੋੜੀਂਦੇ ਸਾਰੇ ਦਸਤਾਵੇਜ ਪੂਰੇ ਨਾ ਹੋਣ ਦੀ ਸੂਰਤ ਵਿੱਚ ਸਬੰਧਤ ਵਿਦਿਆਰਥੀ ਦਾ ਕੇਸ ਤਹਿਸ਼ੀਲ ਭਲਾਈ ਅਫਸਰ ਵਲੋਂ ਰੱਦ ਕਰ ਦਿੱਤਾ ਜਾਵੇਗਾ।ਜਿਸਦੀ ਜਿੰਮੇਵਾਰੀ ਸਬੰਧਤ ਵਿਦਿਆਰਥੀ/ਵਿਭਾਗ ਦੀ ਹੋਵੇਗੀ।

ਆਪ ਜੀ ਦੀ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ।

13/10/25
**ਨੋਡਲ ਅਫਸਰ(ਪੀ.ਐਮ.ਐਸ.)**

**ਮੁਖੀ,**
**ਸਮੂਹ ਅਧਿਆਪਨ ਵਿਭਾਗ ,**
**ਪੰਜਾਬੀ ਯੂਨੀਵਰਸਿਟੀ ਪਟਿਆਲਾ ।**